# ਅੱਜ ਦੇ ਦਿਨ (ਮਿਤੀ 22 ਦਸੰਬਰ, 2024) ਦਾ ਇਤਿਹਾਸ

# ਨਿੱਕੀਆਂ ਜ਼ਿੰਦਾਂ ਵੱਡਾ ਸਾਕਾ

## ਗੌਰਵਮਈ ਸ਼ਹੀਦੀ ਸਾਕੇ ਦਾ ਤੀਜਾ ਦਿਨ (8 ਪੋਹ 1704)

हिंदी अनुवाद नीचे उपलब्ध है

ਅੱਜ ਦੇ ਦਿਨ 8 ਪੋਹ ਸੰਮਤ 1761 ਬਿਕਰਮੀ (1704 ਈਸਵੀ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ), ਪੰਜ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋ ਗਏ।ਅੱਜ ਦੀ ਇਸ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਰੰਗਰੇਟਾ ਵੀ ਹੋਰਨਾਂ ਸਿੰਘਾਂ ਸਮੇਤ ਸ਼ਹੀਦੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਕਰ ਗਏ।

ਅੱਜ ਘਮਸਾਨ ਦੇ ਯੁੱਧ ਉਪਰੰਤ, ਗੁਰੂ ਜੀ ਨੇ ਅਗਲੀ ਸਵੇਰ ਖੁਦ ਜੰਗ ਦੇ ਮੈਦਾਨ ਵਿੱਚ ਨਿਤਰਨ ਦਾ ਫ਼ੈਸਲਾ ਲਿਆ।

ਗੜ੍ਹੀ ਵਿੱਚ ਮੌਜੂਦ ਸਿੰਘਾਂ ਨੇ ਗੁਰੂ ਜੀ ਦੇ ਇਸ ਫ਼ੈਸਲਾ ਨੂੰ ਪ੍ਰਵਾਨਗੀ ਨਾ ਦਿੱਤੀ ਅਤੇ ਪੰਜ ਪਿਆਰਿਆਂ ਨੇ ਇਕੱਤਰ ਹੋ ਕੇ ਗੁਰੂ ਜੀ ਨੂੰ ਖ਼ਾਲਸੇ ਦੀ ਇੱਛਾ ਮੁਤਾਬਕ ਗੜ੍ਹੀ ਛੱਡ ਕੇ ਜਾਣ ਦੀ ਬੇਨਤੀ ਕੀਤੀ।

ਦੂਜੇ ਪਾਸੇ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ) ਗੰਗੂ ਬ੍ਰਾਹਮਣ ਦੇ

ਪਿੰਡ ਖੇੜੀ ਵਿਖੇ ਉਸ ਦੇ ਘਰ ਪਹੁੰਚ ਗਏ। ਰਾਤ ਨੂੰ ਗੰਗੂ ਬ੍ਰਾਹਮਣ ਨੇ ਮਾਤਾ ਜੀ ਦੀ ਸੋਨੇ ਦੀਆਂ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ।

ਆਓ ਪ੍ਰਣ ਕਰੀਏ ਕਿ ਅਸੀਂ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦੇ ਸਮਰੱਥ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਾਂਗੇ। ਇਹੀ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

.................................................................................................

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਘੜਨ ਲਈ ਰੋਜ਼ਾਨਾ ਵਿਸ਼ੇਸ਼ ਉਤਸ਼ਾਹਮਈ ਸਬਕ ਸਾਂਝੇ ਕੀਤੇ ਜਾਂਦੇ ਹਨ। ਵਿਦਿਆਰਥੀਆਂ ਨੂੰ ਸਮੇਂ ਦੀ ਸੁਚੱਜੀ ਵਰਤੋਂ ਸਿਖਾਉਣ ਲਈ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ। ਇਨ੍ਹਾਂ ਸੇਵਾਵਾਂ ਦਾ ਲਾਹਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।

**ਆਤਮ ਪਰਗਾਸ ਸਮਾਜ ਭਲਾਈ ਸਭਾ**

99, ਪ੍ਰੀਤ ਵਿਹਾਰ, ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ, ਲੁਧਿਆਣਾ-142022

+91 82880-10531 / 32 www.atampargas.org

Like Facebook Page Subscribe YouTube Channel

# आज के दिन (दिनांक 22 दिसंबर, 2024) का इतिहास

# निकियाँ जिंदां वड्डा साका

## गौरवमयी शहीदी साके का तीसरा दिन (8 पोह 1704)

आज के दिन 8 पोह 1761 बिक्रमी (1704 ई.) को श्री गुरु गोबिंद सिंघ जी के बड़े साहिबज़ादे (बाबा अजीत सिंघ जी और बाबा जुझार सिंघ जी), तीन प्यारे भाई हिम्मत सिंघ जी, भाई मोहकम सिंघ जी और भाई साहिब सिंघ जी चमकौर साहिब की जंग में शहीद हो गए।आज की इस जंग में भाई जीवन सिंघ जी रंगरेटा ओर सिक्खों सहित शहीदी प्राप्त करके अपना जीवन सफल कर गए।

आज के दिन घमासान युद्ध के उपरांत गुरु जी ने अगली सुबह खुद जंग के मैदान में जाने का फ़ैसला किया।

गढ़ी में मौजूद सिक्खों ने गुरु जी के इस फ़ैसले को स्वीकार नहीं किया और पांच प्यारों ने मिलकर गुरु जी को ख़ालसे की इच्छा से गढ़ी छोड़ जाने का निवेदन किया।

दूसरी ओर माता गुजर कौर जी और छोटे साहिबज़ादे (बाबा ज़ोरावर सिंघ जी और बाबा फ़तेह सिंघ जी) गंगू ब्राह्मण के

गांव खेड़ी में उसके घर पहुंच गए।रात को गंगू ब्राह्मण ने माता जी की सोने की मोहरों वाली थैली चोरी कर ली।

आओ हम सब मिलकर प्रण करें कि अपने बच्चों को साहिब-ज़ादा अजीत सिंघ जी और साहिबज़ादा जुझार सिंघ जी के दिखाए रास्ते पर चलने के लायक बनाएं और गुरु साहिब जी का आशीर्वाद प्राप्त करें।यही उनकी महान शहादतों को सच्ची श्रद्धांजलि होगी।आज के इतिहास को दर्शाती हुई वीडियो **आतम परगास फेसबुक पेज** पर देख सकते हैं।

**चलता...**

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सम्पूर्ण विकास के लिए विद्वानों की विशेष टीम सेवा प्रदान कर रही है।इन सेवाओं का लाभ लेने के लिए निम्नलिखित नंबरों पर संपर्क करें जी।

**आतम परगास समाज भलाई सभा**

99, प्रीत विहार, शहीद करतार सिंघ सराभा मार्ग, लुधियाना-142022

+91 82880-10531 / 32 www.atampargas.org

Like Facebook Page Subscribe YouTube Channel